weeklypoetry.com

**Exam. Code : 108501**
**Subject Code : 2713**

**B.Com. Semester—I**

**BCG–102 (i) : PUNJABI COMPULSORY**

Time Allowed—3 Hours] [Maximum Marks—50

**ਨੋਟ :–** ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਨਿਮਨ-ਲਿਖਤ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਵਿਸ਼ਾ-ਵਸਤੂ ਦੱਸੋ :

   (ੳ) ਸੰਜੋਗ-ਵਿਯੋਗ

   (ਅ) ਕੁਰਬਾਨੀ। 10

2. ਬੜੇ ਗੁਲਾਮ ਅਲੀ ਖਾਂ ਰੇਖਾ-ਚਿੱਤਰ ਦਾ ਵਿਸ਼ਾ-ਵਸਤੂ ਦੱਸੋ।

   **ਜਾਂ**

   ਸੋਭਾ ਸਿੰਘ ਰੇਖ ਚਿੱਤਰ ਦਾ ਸਾਰ ਲਿਖੋ। 10

3. ਕਿਸੇ **ਇੱਕ** ਵਿਸ਼ੇ 'ਤੇ ਪੈਰਾ ਰਚਨਾ ਕਰੋ :

   (ੳ) ਪੁਸਤਕਾਂ ਦਾ ਮਹੱਤਵ

   (ਅ) ਝੂਠ ਬੋਲਣਾ ਵੀ ਕਲਾ ਹੈ

   (ੲ) ਧਰਮ-ਨਿਰਲੇਪਤਾ। 5

weeklypoetry.com

weeklypoetry.com

4. ਨਿਮਨ-ਲਿਖਤ ਪੈਰ੍ਹਾ ਪੜ੍ਹਕੇ ਹੇਠ ਲਿਖੇ ਸਵਾਲਾਂ ਦੇ ਜਵਾਬ ਦਿਉ :

ਸੰਚਾਰ ਮਾਧਿਅਮ ਅਤੇ ਤਕਨੋਲਜੀ ਨੇ ਸਮਾਜ ਅੰਤਰ ਕ੍ਰਾਂਤੀ ਪੈਦਾ ਕਰ ਦਿੱਤੀ ਹੈ। ਇਸਦੇ ਬਹੁਤ ਲਾਭ ਹਨ। ਵਿਸ਼ਵ ਵਿੱਚ ਵਾਪਰਦੀਆਂ ਘਟਨਾਵਾਂ ਪਲਾਂ ਵਿੱਚ ਹੀ ਤੁਹਾਡੇ ਤੱਕ ਪਹੁੰਚ ਜਾਂਦੀਆਂ ਹਨ। ਇੰਟਰਨੈਟ ਨੇ ਮਨੁੱਖ ਨੂੰ ਸਾਰੇ ਵਿਸ਼ਵ ਨਾਲ ਜੋੜ ਦਿੱਤਾ ਹੈ। ਗਿਆਨ ਪਲਾਂ ਵਿੱਚ ਹੀ ਤੁਹਾਡੇ ਤੱਕ ਪਹੁੰਚ ਜਾਂਦਾ ਹੈ। ਇਸ ਨਾਲ ਜਾਣਕਾਰੀ ਦਾ ਖੇਤਰ ਬਹੁਤ ਵਿਸ਼ਾਲ ਹੋਇਆ ਹੈ। ਇਸਦੇ ਸਮਾਨਅੰਤਰ ਇਸਦੀਆਂ ਬਹੁਤ ਸਾਰੀਆਂ ਹਾਨੀਵਾਂ ਵੀ ਹਨ, ਨਵੀਂ ਪੀੜ੍ਹੀ ਸੰਚਾਰ ਮਾਧਿਅਮ ਦੀ ਗਲਤ ਵਰਤੋਂ ਵੀ ਕਰਦੇ ਹਨ। ਸਭ ਨਾਲੋਂ ਵੱਧ ਸਮਾਂ ਇਸੇ ਉਪਰ ਵਿਨਾਸ਼ ਕਰ ਦਿੰਦੇ ਹਨ। ਇਸ ਨਾਲ ਲੱਗਣ ਵਾਲੀਆਂ ਬਿਮਾਰੀਆਂ ਬਹੁਤ ਗੰਭੀਰ ਹਨ। ਤੀਜੇ ਵਿਸ਼ਵ ਦੇ ਲੋਕ ਜੋ ਰੋਜ਼ੀ-ਰੋਟੀ ਲਈ ਤਰਸ ਰਹੇ ਹਨ, ਉਹਨਾਂ ਲਈ ਇਹ ਸੰਚਾਰ-ਮਾਧਿਅਮ ਬੇਅਰਥ ਹਨ। ਸਰਕਾਰਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਹੋ ਰਹੇ ਵਿਕਾਸ ਵਿੱਚ ਸੰਤੁਲਨ ਜ਼ਰੂਰ ਹੋਵੇ, ਨਹੀਂ ਤਾਂ ਅਮੀਰ-ਗਰੀਬ ਦਾ ਬਹੁਤ ਵੱਡਾ ਅੰਤਰ ਖੜ੍ਹਾ ਹੋ ਜਾਵੇਗਾ।

**ਪ੍ਰਸ਼ਨ :**

(1) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

(2) ਸੰਚਾਰ ਮਾਧਿਅਮ ਦੇ ਕੀ ਲਾਭ ਹਨ ?

(3) ਸਰਕਾਰਾਂ ਨੂੰ ਕਿਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ?

(4) ਪੈਰ੍ਹੇ ਵਿੱਚ ਵਰਤੀਆਂ ਤਿੰਨ ਕ੍ਰਿਆਵਾਂ ਦੇ ਨਾਮ ਲਿਖੋ।

(5) ਲਕੀਰੇ (Underlined) ਸ਼ਬਦਾਂ ਦੇ ਅਰਥ ਦੱਸੋ। 5



weeklypoetry.com

5. ਪੰਜਾਬੀ ਧੁਨੀਆਂ ਦੇ ਉਚਾਰਨ ਸਥਾਨ ਅਤੇ ਵਿਧੀਆਂ ਬਾਰੇ ਚਰਚਾ ਕਰੋ।

ਜਾਂ

ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਦੱਸਦੇ ਹੋਏ ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਬਾਰੇ ਦੱਸੋ। 10

6. ਹੇਠ ਲਿਖੇ ਪ੍ਰਸ਼ਨਾਂ 'ਚੋਂ ਕਿਸੇ ਦੋ ਦੇ ਉੱਤਰ ਦਿਉ :

(1) ਮਾਤ-ਭਾਸ਼ਾ ਦੀ ਪਰਿਭਾਸ਼ਾ ਨਿਰਧਾਰਿਤ ਕਰੋ।

(2) ਪਹਿਲੀ ਭਾਸ਼ਾ ਵਜੋਂ ਮਾਤ-ਭਾਸ਼ਾ ਨੂੰ ਪੜ੍ਹਾਉਣ ਦੇ ਕੀ ਲਾਭ ਹਨ ?

(3) ਦੂਜੀ ਭਾਸ਼ਾ 'ਚ ਅਧਿਆਪਨ ਕਰਾਉਣਾ ਕਿਉਂ ਨੁਕਸਾਨਦੇਹ ਹੈ ?

(4) ਮਾਤ-ਭਾਸ਼ਾ ਵਿੱਚ ਅਧਿਆਪਨ ਕਰਾਉਣ ਦੇ ਕੀ ਨੁਕਸਾਨ ਹਨ ? $5\times2=10$


weeklypoetry.com